# ਦਫਤਰ ਨਗਰ ਕੌਂਸਲ ਸਨੌਰ (ਜਿਲ੍ਹਾ ਪਟਿਆਲਾ)
## ਭਰਤੀ ਨੋਟਿਸ

ਨਗਰ ਕੌਂਸਲ ਸਨੌਰ ਵੱਲੋਂ ਪ੍ਰਸ਼ਾਸ਼ਕੀ ਹੁਕਮ ਨੰ: 50 ਮਿਤੀ 13.7.2021 ਅਤੇ ਮਤੇ ਦੀ ਪ੍ਰਵਾਨਗੀ ਸਬੰਧੀ ਸਥਾਨਕ ਸਰਕਾਰ ਦੇ ਪੱਤਰ ਨੰ: ਅਸ3-ਡਸਸ-(ਸਨੌਰ) 2021/29763 ਮਿਤੀ 23.7.2021 ਰਾਹੀਂ ਅਤੇ ਪ੍ਰਸ਼ਾਸ਼ਕੀ ਹੁਕਮ ਨੰ: 64 ਮਿਤੀ 23.8.2021 ਦੀ ਪ੍ਰਵਾਨਗੀ ਉਪਰੰਤ ਨਗਰ ਕੌਂਸਲ ਸਨੌਰ ਵੱਲੋਂ ਕੰਟਰੈਕਟ ਤੇ ਭਰਤੀ ਕਰਨ ਲਈ ਨਿਮਨ ਪ੍ਰਵਾਨਤ ਅਸਾਮੀਆਂ ਦੀ ਨਿਯੁਕਤੀ ਕੀਤੀ ਜਾਣੀ ਹੈ:-

| ਅਸਾਮੀ ਦਾ ਨਾਮ ਕੰਟਰੈਕਟ ਬੇਸ | ਅਸਾਮੀਆਂ ਦੀ ਗਿਣਤੀ | ਰਾਖਵਾਂਕਰਨ |
|---|---|---|
| ਸਫਾਈ ਸੇਵਕ ਕੰਟਰੈਕਟ ਬੇਸ | 35 | ਅਨੁਸੂਚਿਤ ਜਾਤੀ ਇਸਤਰੀ-3, ਜਨਰਲ ਇਸਤਰੀ-4, ਜਨਰਲ-10, ਅਨੁਸੂਚਿਤ ਜਾਤੀ-5, ਸਾਬਕਾ ਫੌਜੀ ਇਸਤਰੀ-2, ਪੱਛੜੀ ਸ੍ਰੇਣੀ ਇਸਤਰੀ-1, ਜਨਰਲ, ਕਮਜ਼ੋਰ ਵਰਗ ਇਸਤਰੀ EWS-1, ਅੰਗਹੀਣ (ਇਸਤਰੀ) (ਗੂੰਗਾ/ਬਹਿਰਾ)-1, ਸਾਬਕਾ ਫੌਜੀ-1, ਪੱਛੜੀ ਸ੍ਰੇਣੀ-2, ਜਨਰਲ ਕਮਜੋਰ ਵਰਗ EWS-2, ਅਨੁਸੂਚਿਤ ਜਾਤੀ ਸਾਬਕਾ ਫੌਜੀ-1, ਖਿਡਾਰਣ (ਇਸਤਰੀ)-1, ਪੱਛੜੀ ਸ੍ਰੇਣੀ, ਸਾਬਕਾ ਫੌਜੀ-1 |
| ਡਰਾਈਵਰ ਕੰਟਰੈਕਟ ਬੇਸ | 01 | ਜਨਰਲ-1 |

ਨੋਟ:- ਰੋਸਟਰ ਪੁਆਇੰਟ ਨੰ: 1, 9, 17, 25, 33 (ਮਜ਼ਬੀ/ਬਾਲਮਿਕੀ ਲਈ ਰਾਖਵਾਂ)
ਰੋਸਟਰ ਪੁਆਇੰਟ ਨੰ: 5, 13, 21, 29 (ਹੋਰ ਅਨੁਸੂਚਿਤ ਜਾਤੀ ਲਈ ਰਾਖਵਾਂ)

ਨੋਟ:-

1. ਦਰਖਾਸਤਾਂ/ਬਿਨੈ ਪੱਤਰ ਰਜਿਸਟਰਡ ਡਾਕ ਰਾਹੀਂ ਪ੍ਰਾਪਤ ਕਰਨ ਦੀ ਮਿਤੀ:- ਮਿਤੀ 06.09.2021 ਤੋਂ 30.09.2021 (ਸ਼ਾਮ 5:00 ਵਜੇ ਤੱਕ) ਕਾਰਜ ਸਾਧਕ ਅਫਸਰ, ਦਫਤਰ ਨਗਰ ਕੌਂਸਲ ਸਨੌਰ (ਨੇੜੇ ਰਾਧਾ ਸਵਾਮੀ ਸਤਸੰਗ ਘਰ ਪਟਿਆਲਾ ਰੋਡ ਸਨੌਰ ਪਿੰਡ ਕੋਡ-147103) ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਤ ਮਿਤੀ ਉਪਰੰਤ ਪ੍ਰਾਪਤ ਦਰਖਾਸਤਾਂ/ਬਿਨੈ ਪੱਤਰਾਂ ਤੇ ਗੌਰ ਨਹੀਂ ਕੀਤਾ ਜਾਵੇਗਾ ਅਤੇ ਦਰਖਾਸਤਾਂ/ਫੀਸ ਦਸਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ। ਡਰਾਇਵਰ/ਸਫਾਈ ਸੇਵਕ ਦੀ ਅਸਾਮੀ ਲਈ ਵੱਖਰੇ-ਵੱਖਰੇ ਤੌਰ ਤੇ ਮੁਕੰਮਲ ਦਸਤਾਵੇਜ/ਫੀਸ ਨਾਲ ਅਪਲਾਈ ਕਰਨਾ ਲਾਜਮੀ ਹੋਵੇਗਾ।

2. ਸਫਾਈ ਸੇਵਕ ਕੰਟਰੈਕਟ ਬੇਸ ਅਸਾਮੀਆਂ ਦੀ ਗਿਣਤੀ ਅਤੇ ਰਾਖਵਾਂਕਰਨ:-

ੳ) ਸਰਕਾਰ ਦੀਆਂ ਹਦਾਇਤਾਂ /ਪ੍ਰਸ਼ਾਸ਼ਕੀ ਕਾਰਨਾਂ ਕਰਕੇ ਰਿਜ਼ਰਵ ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ ਅਤੇ ਇਸ ਸਬੰਧੀ ਸੂਚਨਾ ਵੈਬਸਾਈਟ http://lgpunjab.gov.in ਤੇ ਅਪਲੋਡ ਕੀਤੀ ਜਾਵੇਗੀ ਅਤੇ ਬਿਨੈਕਾਰ ਵੱਲੋਂ ਜਿਸ ਕੈਟਾਗਰੀ ਲਈ ਅਪਲਾਈ ਕੀਤਾ ਜਾਵੇਗਾ, ਉਸ ਵਿੱਚ ਬਾਅਦ ਵਿੱਚ ਬਦਲਾਅ ਨਹੀਂ ਹੋਵੇਗਾ।

3. ਯੋਗਤਾ (ਸਫਾਈ ਸੇਵਕ ਕੰਟਰੈਕਟ ਬੇਸ ਅਤੇ ਡਰਾਇਵਰ ਕੰਟਰੈਕਟ ਬੇਸ):-

ੳ) ਸਫਾਈ ਸੇਵਕ ਕੰਟਰੈਕਟ ਬੇਸ ਚਾਹਵਾਨ ਉਮੀਦਵਾਰ ਨੂੰ ਪੜ੍ਹਨ ਲਿਖਣ ਦੀ ਜਾਣਕਾਰੀ ਹੋਵੇ, ਮਿਡਲ ਪਾਸ/ਸਿੱਖਿਅਤ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।

ਅ) ਡਰਾਇਵਰ ਕੰਟਰੈਕਟ ਬੇਸ ਦੀ ਅਸਾਮੀ ਲਈ ਉਮੀਦਵਾਰ ਘੱਟੋ-ਘੱਟ ਦਸਵੀਂ ਪਾਸ ਅਤੇ ਉਮੀਦਵਾਰ ਪਾਸ ਟਰੈਕਟਰ/ਲੋਡਰ ਦਾ ਪੱਕਾ ਲਾਇਸੰਸ ਹੋਣਾ ਲਾਜਮੀ ਹੈ।

ੲ) ਉਮੀਦਵਾਰ ਫਿਜ਼ੀਕਲ ਫਿੱਟ ਹੋਣਾ ਚਾਹੀਦਾ ਹੈ, ਸਫਾਈ ਕੰਮ ਸਬੰਧੀ ਸ਼ਰੀਰਕ ਟੈਸਟ ਲਿੱਤਾ ਜਾਵੇਗਾ।

ਸ) ਇਨ੍ਹਾਂ ਅਸਾਮੀਆਂ ਲਈ ਸਰਕਾਰੀ/ਅਰਧ ਸਰਕਾਰੀ ਵਿਭਾਗ ਤੋਂ ਘੱਟੋ-ਘੱਟ 3 ਸਾਲ ਦਾ ਤਜਰਬਾ ਰੱਖਣ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਤਜਰਬੇ ਦੇ ਅਰਸੇ ਦੇ ਅਧਾਰ ਤੇ weightage ਦਿੱਤੀ ਜਾਵੇਗੀ।

ਹ) ਜੇਕਰ ਉਮੀਦਵਾਰ ਪਹਿਲਾਂ ਹੀ ਮਿਊਂਸਪਲ ਕਮੇਟੀ ਵਿੱਚ ਕੰਮ ਕਰ ਰਿਹਾ ਹੈ ਤਾਂ ਉਸਦੀ ਯੋਗਤਾ ਮਿਊਂਸਪਲ ਕਮੇਟੀ ਵਿੱਚ, ਜਿਸ ਮਿਤੀ ਤੋਂ ਕੰਮ ਕਰ ਰਿਹਾ ਹੈ, ਉਸ ਮਿਤੀ ਤੋਂ ਮਿੱਥੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ ਘੱਟ ਉਮਰ ਵਿੱਚ ਉਮੀਦਵਾਰ ਦੇ ਤਜਰਬੇ ਦੇ ਬਾਰਬਰ ਛੋਟ ਦਿੱਤੀ ਜਾਵੇਗੀ।

ਕ) ਨਗਰ ਕੌਂਸਲ ਸਨੌਰ ਵੱਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕ ਤੋਂ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖਭਾਲ ਦੇ ਕੰਮ, ਡੋਰ ਟੂ ਡੋਰ ਕੁਲੈਕਸ਼ਨ/ਸੈਗਰੀਗੇਸ਼ਨ, ਅਤੇ ਮਾਲੀ/ਬੇਲਦਾਰ ਆਦਿ ਦਾ ਕੰਮ ਲਿਆ ਜਾ ਸਕਦਾ ਹੈ।

ਖ) ਉਮੀਦਵਾਰ ਕਾਊਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਜਰਬੇ ਸਬੰਧੀ ਅਤੇ ਰਾਖਵਾਂਕਰਨ ਆਦਿ ਨਾਲ ਸਬੰਧੀ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਊਂਸਲਿੰਗ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

4. ਉਮਰ ਸੀਮਾ:-

ੳ) ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01.01.2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ।

5. ਤਨਖਾਹ/ਭੱਤੇ:- ਕਿਰਤ ਵਿਭਾਗ ਪੰਜਾਬ ਵੱਲੋਂ ਸਮੇਂ ਸਮੇਂ ਨਿਰਧਾਰਤ ਲੇਬਰ ਰੇਟ (ਡੀ.ਸੀ. ਰੇਟ) ਮੁਬਲਿਗ 9577/- ਸਫਾਈ ਸੇਵਕਾਂ ਦੀ ਅਸਾਮੀ ਲਈ ਅਤੇ ਮੁਬਲਿਗ 10777/- ਡਰਾਇਵਰ ਦੀ ਅਸਾਮੀ ਲਈ ਹੋਵੇਗਾ (ਜਿਸ ਵਿੱਚ ਕਿਰਤ ਵਿਭਾਗ ਦੀਆਂ ਹਦਾਇਤਾਂ/ਲੇਬਰ ਰੇਟਾਂ ਅਨੁਸਾਰ ਸਮੇਂ ਸਮੇਂ ਸਿਰ ਵਾਧਾ ਹੋਵੇਗਾ)।

6. ਪੰਜਾਬੀ ਭਾਸ਼ਾ ਦੀ ਜਾਣਕਾਰੀ:- ਚਾਹਵਾਨ ਉਮੀਦਵਾਰਾਂ ਲਈ ਪੰਜਾਬੀ ਭਾਸ਼ਾ ਦੀ ਜਾਣਕਾਰੀ ਲਾਜਮੀ ਹੈ ਅਤੇ ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

7. ਸਿਲੈਕਸ਼ਨ/ਚੋਣ ਦੀ ਵਿਧੀ:- ਅਸਾਮੀਆਂ ਦੀ ਚੋਣ, ਸਿਲੈਕਸ਼ਨ ਕਮੇਟੀ ਦੀ ਮੀਟਿੰਗ ਦੇ ਫੈਸਲੇ ਅਨੁਸਾਰ, ਯੋਗ ਉਮੀਦਵਾਰਾਂ ਦੀ ਚੋਣ ਸ਼ਰੀਰਕ ਟੈਸਟ ਅਤੇ ਇੰਟਰਵਿਊ ਦੇ ਮਾਪਦੰਡਾਂ (ਤਜਰਬਾ, ਵਿੱਦਿਅਕ ਯੋਗਤਾ, ਕੰਮ ਕਰਨ ਦੀ ਸਮਰਥਾ ਅਤੇ ਉਮੀਦਵਾਰ ਦੀ ਯੋਗਤਾ) ਦੇ ਅਧਾਰ ਤੇ ਮੈਰਿਟ ਅਨੁਸਾਰ ਕੀਤੀ ਜਾਵੇਗੀ ਅਤੇ ਸਫਾਈ ਸੇਵਕ/ਡਰਾਇਵਰ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ।

- ਸਫਾਈ ਸੇਵਕ ਦੇ ਸ਼ਰੀਰਕ ਟੈਸਟ ਲਈ (ਸਿਰਫ ਕੁਆਲੀਫਾਈ ਕਰਨ ਲਈ) (ਝਾੜੂ ਲਗਾਉਣਾ, ਨਾਲਾ ਕੱਢਣਾ, ਰੇਹੜੀ ਚਲਾਉਣਾ, ਟਰਾਲੀ ਭਰਨਾ, ਘਾਹ-ਬੂਟੀ ਸਾਫ ਕਰਨਾ ਵਿੱਚੋਂ ਘੱਟੋ ਘੱਟ 3 ਕੰਮ ਪਾਸ ਕਰਨੇ ਲਾਜਮੀ ਹਨ) ਅਤੇ ਡਰਾਇਵਰ ਦੀ ਅਸਾਮੀ ਲਈ ਟਰੈਕਟਰ ਟਰਾਲੀ/ਲੋਡਰ ਚਲਾਉਣ ਦੀ ਮੁਕੰਮਲ ਜਾਣਕਾਰੀ ਲਾਜਮੀ ਹੈ।
- ਮੈਰਿਟ ਲਿਸਟ- ਕੁੱਲ ਅੰਕ 15 (ਤਜਰਬੇ ਲਈ 5 ਅੰਕ, ਇੰਟਰਵਿਊ ਲਈ 10 ਅੰਕ)
- ਤਜਰਬੇ ਲਈ- ਕੁੱਲ ਅੰਕ-5 (1 ਸਾਲ ਲਈ 1 ਅੰਕ ਅਤੇ ਵਾਧੂ ਤਜਰਬੇ ਲਈ ਅਨੁਪਾਤਕ, ਵੱਧ ਤੋਂ ਵੱਧ 5 ਅੰਕ)
- ਇੰਟਰਵਿਊ ਲਈ - ਕੁੱਲ ਅੰਕ-10
- ਬਿਨੈਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਥਾਨਕ ਸਰਕਾਰ ਦੀ ਵੈਬਸਾਈਟ http://lgpunjab.gov.in ਤੇ ਅਧੂਰੀਆਂ/ਬਿਨ੍ਹਾਂ ਫੀਸ ਰੱਦ ਦਰਖਾਸਤਾਂ ਦੀ ਲਿਸਟ ਅਪਲੋਡ ਕੀਤੀ ਜਾਵੇਗੀ। ਇਸ ਉਪਰੰਤ ਮੁਕੰਮਲ ਦਰਖਾਸਤਾਂ ਸਮੇਤ ਫੀਸ ਚਾਹਵਾਨ ਉਮੀਦਵਾਰਾਂ ਨੂੰ ਸ਼ਰੀਰਕ ਟੈਸਟ ਅਤੇ ਅਸਲ ਦਸਤਾਵੇਜਾਂ ਦੀ ਪੜਤਾਲ/ਕਾਊਂਸਲਿੰਗ ਲਈ ਦਫਤਰ ਨਗਰ ਕੌਂਸਲ ਸਨੌਰ ਵਿਖੇ ਸੱਦਿਆ ਜਾਵੇਗਾ। ਜਿਸ ਦੀਆਂ ਲਿਸਟਾਂ/ਰੋਲ ਨੰਬਰ/ ਟੈਸਟ/ਕਾਊਂਸਲਿੰਗ ਦੀ ਮਿਤੀ ਵੈਬ ਸਾਈਟ ਤੇ ਅਪਲੋਡ ਕੀਤੀ ਜਾਵੇਗੀ ਅਤੇ ਲਿਖਤੀ ਸੂਚਿਤ ਕੀਤਾ ਜਾਵੇਗਾ। ਇਸ ਉਪਰੰਤ ਯੋਗ ਉਮੀਦਵਾਰਾਂ ਨੂੰ ਇੰਟਰਵਿਊ ਲਈ ਸੱਦਾ ਪੱਤਰ ਭੇਜਿਆ ਜਾਵੇਗਾ ਅਤੇ ਇੰਟਰਵਿਊ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਸਿਲੈਕਸ਼ਨ ਕਮੇਟੀ ਵੱਲੋਂ ਤਿਆਰ ਫਾਈਨਲ ਮੈਰਿਟ ਲਿਸਟ ਸਮੇਤ ਵੇਟਿੰਗ ਲਿਸਟ ਵੈਬ ਸਾਈਟ ਤੇ ਅਪਲੋਡ ਕੀਤੀ ਜਾਵੇਗੀ।

8. ਐਪਲੀਕੇਸ਼ਨ ਫੀਸ:-

ੳ) ਚਾਹਵਾਨ ਉਮੀਦਵਾਰ ਸਫਾਈ ਸੇਵਕ/ਡਰਾਇਵਰ ਦੀ ਸਿਲੈਕਸ਼ਨ ਲਈ ਸਿਲੈਕਸ਼ਨ ਕਮੇਟੀ ਵੱਲੋਂ ਨਿਮਨ ਫੀਸ ਨਿਰਧਾਰਤ ਕੀਤੀ ਗਈ ਹੈ, ਜੋ ਕਿ ਚਾਹਵਾਨ ਉਮੀਦਵਾਰਾਂ ਵੱਲੋਂ ਦਰਖਾਸਤ ਦੇ ਨਾਲ ਬੈਂਕ ਡਰਾਫਟ ਰਾਹੀਂ ਨਾਲ ਨੱਥੀ ਕੀਤੀ ਜਾਣੀ ਹੈ, ਜੋ ਕਿ ਰਿਫੰਡ/ਵਾਪਿਸ ਕਰਨਯੋਗ ਨਹੀਂ ਹੋਵੇਗੀ:-

- ਜਨਰਲ ਕੈਟਾਗਰੀ (ਲੜੀ ਨੰ: 2 ਅਤੇ 3) ਲਈ (ਮੁਬਲਿਗ 300/- ਰੁਪਏ)
- ਰਿਜ਼ਰਵ ਕੈਟਾਗਰੀ(ਲੜੀ ਨੰ: 1, 4 ਤੋਂ 14) ਲਈ (ਮੁਬਲਿਗ 150/- ਰੁਪਏ)

ਅ) ਬੈਂਕ ਡਰਾਫਟ ਜਿਸ ਨਾਮ ਤੇ ਬਣਾਇਆ ਜਾਣਾ ਹੈ:- ਕਾਰਜ ਸਾਧਕ ਅਫਸਰ ਨਗਰ ਕੌਂਸਲ ਸਨੌਰ ਪੇ-ਏਬਲ ਐਟ ਸਨੌਰ
Demand Draft (DD) in favour of:- Executive Officer Municipal Council Sanaur payable at Sanaur
ਬਿਨ੍ਹਾਂ ਫੀਸ/ਅਧੂਰੀਆਂ ਦਰਖਾਸਤਾਂ ਰੱਦ ਕਰ ਦਿੱਤੀਆਂ ਜਾਣਗੀਆਂ।

9. ਦਰਖਾਸਤ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜਾਂ ਦਾ ਵੇਰਵਾ:-

ੳ) ਦਰਖਾਸਤ/ਬਿਨੈ ਪੱਤਰ ਨਿਰਧਾਰਤ ਪ੍ਰੋਫਾਰਮੇ ਵਿੱਚ ਸਮੇਤ 2 ਪਾਸਪੋਰਟ ਸਾਈਜ਼ ਫੋਟੋਆਂ, ਮੁਕੰਮਲ ਹਰ ਕਾਲਮ ਭਰਿਆ ਹੋਵੇ।
ਅ) ਨਿਰਧਾਰਤ ਐਪਲੀਕੇਸ਼ਨ ਫੀਸ ਦਾ ਡਰਾਫਟ, ਡਰਾਫਟ ਦੇ ਪਿੱਛੇ ਬਿਨੈਕਾਰ ਦਾ ਨਾਮ/ਪਤਾ/ਮੋਬਾਇਲ ਨੰਬਰ ਲਿਖਿਆ ਹੋਵੇ।
ੲ) ਉਮਰ ਸਬੰਧੀ ਤਸਦੀਕ ਸ਼ੁਦਾ ਸਬੂਤ (ਜਨਮ ਸਰਟੀਫਿਕੇਟ/ਪੰਜਵੀਂ/ਮੈਟ੍ਰਿਕ ਦਾ ਸਰਟੀਫਿਕੇਟ/ਪਾਸਪੋਰਟ/ਅਧਾਰ ਕਾਰਡ)
ਸ) ਪੰਜਾਬ ਵਾਸੀ ਦਾ ਸਰਟੀਫਿਕੇਟ
ਹ) ਜਾਤੀ ਸਰਟੀਫਿਕੇਟ/ਰਿਜ਼ਰਵ ਕੈਟਾਗਰੀ ਸਰਟੀਫਿਕੇਟ/ਈ.ਡਬਲਿਯੂ.ਐਸ./ਅੰਗਹੀਣ ਸਰਟੀਫਿਕੇਟ
ਕ) ਪੰਜਾਬੀ ਭਾਸ਼ਾ ਦੀ ਜਾਣਕਾਰੀ ਸਬੰਧੀ ਸਬੂਤ/ਸਵੈ ਘੋਸ਼ਣਾ ਅਤੇ ਕੋਈ ਫੌਜਦਾਰੀ ਮੁਕੱਦਮਾ ਨਾ ਹੋਣ ਸਬੰਧੀ ਸਵੈ ਘੋਸ਼ਣਾ
ਖ) ਤਜਰਬਾ ਸਰਟੀਫਿਕੇਟ ਅਤੇ ਵਿੱਦਿਅਕ ਯੋਗਤਾ ਸਰਟੀਫਿਕੇਟ।(ਜੇਕਰ ਕੋਈ ਹੋਵੇ) ਸਿਰਫ ਸਰਕਾਰੀ ਅਤੇ ਅਰਧ ਸਰਕਾਰੀ ਅਦਾਰੇ ਵੱਲੋਂ ਜਾਰੀ ਤਜਰਬਾ ਸਰਟੀਫਿਕੇਟ ਹੀ ਮੰਨਣਯੋਗ ਹੋਵੇਗਾ।
ਗ) 2 ਖਾਲੀ ਇੰਨਵੈਲਪ (ਚਿੱਠੀ/ਪੱਤਰ ਲਈ) ਬਿਨੈਕਾਰ ਦੇ ਰਿਹਾਇਸ਼ੀ ਪਤੇ ਦੇ ਸਮੇਤ ਪੋਸਟਲ ਟਿਕਟਾਂ (25/- ਰੁਪਏ ਪ੍ਰਤੀ ਲਿਫਾਫਾ), ਸ਼ਰੀਰਕ ਟੈਸਟ ਅਤੇ ਇੰਟਰਵਿਊ ਲਈ ਸੱਦਾ ਪੱਤਰ ਭੇਜਣ ਲਈ।

10. ਉਮੀਦਵਾਰਾਂ/ਬਿਨੈਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਫਾਈ ਸੇਵਕ/ਡਰਾਇਵਰ ਕੰਟਰੈਕਟ ਬੇਸ ਦੀ ਭਰਤੀ ਲਈ ਨਿਮਨ ਫਾਰਮ ਸਥਾਨਕ ਸਰਕਾਰ ਦੀ ਵੈਬ ਸਾਈਟ http://lgpunjab.gov.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਇਸ ਭਰਤੀ ਸਬੰਧੀ ਸੂਚਨਾ/ਸੋਧ ਸਮੇਂ ਸਮੇਂ ਸਿਰ ਉਕਤ ਵੈਬ ਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-
ਚੇਅਰਮੈਨ, ਸਿਲੈਕਸ਼ਨ ਕਮੇਟੀ-ਕਮ-
ਉਪ ਮੰਡਲ ਮੈਜਿਸਟ੍ਰੇਟ ਪਟਿਆਲਾ

ਮੈਂਬਰ ਸਕੱਤਰ, ਸਿਲੈਕਸ਼ਨ ਕਮੇਟੀ-ਕਮ
ਕਾਰਜ ਸਾਧਕ ਅਫਸਰ ਨਗਰ ਕੌਂਸਲ ਸਨੌਰ
Executive Office,
Municipal Council Sanaur (A
No. 7194 12/1/22/2018

## ਨਗਰ ਕੌਂਸਲ ਸਨੌਰ ਵਿਖੇ ਸਫਾਈ ਸੇਵਕ/ਡਰਾਇਵਰ ਦੀ ਕੰਟਰੈਕਟ ਦੇ ਅਧਾਰ ਤੇ ਅਸਾਮੀ ਲਈ ਬਿਨੈ ਪੱਤਰ ਦਾ ਪ੍ਰੋਫਾਰਮਾ

| | |
|---|---|
| ਅਸਾਮੀ ਦਾ ਨਾਮ | |
| ਕੈਟਾਗਰੀ ਜਿਸ ਲਈ ਅਪਲਾਈ ਕੀਤਾ ਹੈ। | |

ਤਸਦੀਕਸ਼ੁਦਾ ਫੋਟੋ ਪੇਸਟ ਕੀਤੀ ਜਾਵੇ।

| | | | | | | |
|---|---|---|---|---|---|---|
| 1 | ਉਮੀਦਵਾਰ ਦਾ ਨਾਮ | | | | | |
| 2 | ਪਿਤਾ/ਪਤੀ ਦਾ ਨਾਮ | | | | | |
| 3 | ਮਿਤੀ 1.1.2021 ਨੂੰ ਉਮਰ (ਤਸਦੀਕਸ਼ੁਦਾ ਸਬੂਤ ਨੱਥੀ ਕੀਤਾ ਜਾਵੇ) | | | | | |
| 4 | ਜਨਮ ਦਾ ਸਥਾਨ (ਸ਼ਹਿਰ/ਪਿੰਡ, ਜਿਲ੍ਹਾ, ਰਾਜ) | | | | | |
| 5 | ਘਰ ਦਾ ਪੱਕਾ ਪਤਾ (ਤਸਦੀਕਸ਼ੁਦਾ ਅਧਾਰ ਕਾਰਡ ਦੀ ਕਾਪੀ ਨੱਥੀ ਕੀਤੀ ਜਾਵੇ) | | | | | |
| 6 | ਪੱਤਰ ਵਿਹਾਰ ਲਈ ਪਤਾ | | | | | |
| 7 | ਟੈਲੀਫੋਨ ਨੰਬਰ/ਮੋਬਾਇਲ ਨੰਬਰ (2 ਮੋਬਾਇਲ ਨੰਬਰ ਦਿੱਤੇ ਜਾਣ) | | | | | |
| 8 | ਪੰਜਾਬ ਵਾਸੀ ਹੋਣ ਸਬੰਧੀ ਪੰਜਾਬ ਰਾਜ ਵਸਨੀਕ ਸਰਟੀਫਿਕੇਟ/ਵੋਟਰ ਕਾਰਡ ਜਾਂ ਕਿਸੇ ਹੋਰ ਸਰਕਾਰੀ ਦਸਤਾਵੇਜ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ। | | | | | |
| 9 | ਕੈਟਾਗਰੀ (ਰਿਜਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ) | | | | | |
| 10 | ਵਿੱਦਿਅਕ ਯੋਗਤਾ (ਯੋਗਤਾ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਨੱਥੀ ਕੀਤੀਆਂ ਜਾਣ) | | | | | |
| 11 | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ (%) |
| | | | | | | |
| | | | | | | |
| 12 | ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ? ਹਾਂ/ਨਹੀਂ) | | | | | |
| 13 | ਤਜਰਬੇ ਸਬੰਧੀ ਵੇਰਵਾ:-<br>1. ਸਫਾਈ ਸੇਵਕ/ਡਰਾਇਵਰ ਦੇ ਤਜਰਬੇ ਦੇ ਸਰਟੀਫਿਕੇਟ ਕਮਿਸ਼ਨਰ/ਕਾਰਜ ਸਾਧਕ ਅਫਸਰ/ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਸੰਸਥਾਂ ਦੇ ਮੁੱਖੀ ਵੱਲੋਂ ਰਿਕਾਰਡ ਦੇ ਆਧਾਰ ਤੇ ਵੈਰੀਫਾਈ/ਤਸਦੀਕ ਹੋਣਾ ਚਾਹੀਦਾ ਹੈ।<br>2. ਪ੍ਰਾਈਵੇਟ ਸੰਸਥਾਂ/ਕੋਅਪਰੇਟਿਵ ਸੋਸਾਇਟੀ ਵੱਲੋਂ ਜਾਰੀ ਤਜਰਬਾ ਸਰਟੀਫਿਕੇਟ ਮੰਨਣਯੋਗ ਨਹੀਂ ਹੋਵੇਗਾ।<br>3. ਈ.ਪੀ.ਐਫ. ਨੰਬਰ (ਜੇਕਰ ਹੈ ਤਾਂ ਨੰਬਰ ਲਿਖਿਆ ਜਾਵੇ) | | | | | ਕਦੋਂ ਤੋਂ .......ਕਦੋਂ ਤੱਕ<br>ਤਜਰਬਾ ਸਾਲ.......<br>ਮਹੀਨੇ......... |
| 14 | ਫੌਜਦਾਰੀ ਕੇਸ ਨਾ ਚੱਲਣ ਸਬੰਧੀ ਨਿਮਨ ਅਨੁਸਾਰ ਸਵੈ ਘੋਸ਼ਣਾ ਪੱਤਰ ਨੱਥੀ ਕੀਤਾ ਜਾਵੇ। | | | | | |

### ਸਵੈ ਘੋਸ਼ਣਾ

ਮੈਂ ................................ ਪੁੱਤਰ/ਪੁੱਤਰੀ/ਪਤਨੀ .............................. ਉਮਰ.............. ਵਾਸੀ........................................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ/ਦੀ ਪੱਕਾ/ਪੱਕੀ ਵਸਨੀਕ ਹਾਂ। ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚੱਲ ਰਿਹਾ। ਮੈਨੂੰ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੈ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਸ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਨਗਰ ਕੌਂਸਲ ਸਨੌਰ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਅਤੇ ਮੇਰੀ ਨਿਯੁਕਤੀ/ਦਰਖਾਸਤ/ਬਿਨੈਪੱਤਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

ਮਿਤੀ............................

ਸਥਾਨ.............................

ਨੱਥੀ ਦਸਤਾਵੇਜ 1.
2.
3.

(ਉਮੀਦਵਾਰ ਦੇ ਹਸਤਾਖਰ)
ਮੋਬਾਇਲ ਨੰਬਰ.......................
ਪਤਾ:-.......................................

.....................................................................................................................